# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ),ਸ੍ਰੀ ਮੁਕਤਸਰ ਸਾਹਿਬ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਸਸ/ਸਹਸ/ਸਮਿਸ................

ਪੱਤਰ ਨੰ. ਜਿਸਸ( )/2011/ਵਸੋਂ ਦਿਵਸ/
ਮਿਤੀ 22-06-2011

**ਵਿਸ਼ਾ :** **ਵਿਸ਼ਵ ਵਸੋਂ ਦਿਵਸ ਸਬੰਧੀ ਆਯੋਜਿਤ ਮੁਕਾਬਲਿਆਂ ਵਿੱਚ ਭਾਗ ਲੈਣ ਬਾਰੇ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਸ਼ਵ ਵਸੋਂ ਦਿਵਸ ਮਿਤੀ 11-07-2011 ਨੂੰ ਆਯੋਜਿਤ ਕੀਤਾ ਜਾ ਰਿਹਾ ਹੈ । ਇਸ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਦੇ ਲੇਖ ਰਚਨਾ, ਗਾਇਣ, ਪੋਸਟਰ ਅਤੇ ਭਾਸ਼ਣ ਮੁਕਾਬਲੇ ਜਿਲ੍ਹਾ ਪੱਧਰ ਤੇ ਆਯੋਜਿਤ ਕਰਵਾਏ ਜਾ ਰਹੇ ਹਨ । ਇਹਨਾਂ ਮੁਕਾਬਲਿਆਂ ਵਿੱਚ ਸਿਰਫ਼ 9ਵੀਂ ਅਤੇ 11ਵੀਂ ਦੇ ਵਿਦਿਆਰਥੀ ਹੀ ਭਾਗ ਲੈਣਗੇ ।

| ਮੁਕਾਬਲੇ ਦਾ ਪੱਧਰ | ਤਹਿਸੀਲ/ਜਿਲ੍ਹਾ | ਮੁਕਾਬਲੇ ਦੀ ਮਿਤੀ | ਸਥਾਨ |
|---|---|---|---|
| ਜਿਲ੍ਹਾ | ਸ੍ਰੀ ਮੁਕਤਸਰ ਸਾਹਿਬ | 11-07-2011 | ਸਸਸ(ਕੰ), ਮਲੋਟ |

ਇਹਨਾਂ ਮੁਕਾਬਲੇ ਲਈ ਰਜਿਸਟ੍ਰੇਸ਼ਨ ਸਵੇਰੇ 9:00 ਵਜੇ ਤੋਂ 9:30 ਵਜੇ ਉਪਰੋਕਤ ਅਨੁਸਾਰ ਹੋਵੇਗੀ। ਸਾਰੇ ਮੁਕਾਬਲੇ ਸਵੇਰੇ 10:00 ਵਜੇ ਸ਼ੁਰੂ ਕੀਤੇ ਜਾਣਗੇ ।

ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਆਪਣੇ ਸਕੂਲ ਮੁਖੀ ਤੋਂ ਆਪਦੀ ਜਾਣ ਪਛਾਣ ਦਾ ਤਸਦੀਕਸ਼ੁਦਾ ਸਰਟੀਫਿਕੇਟ ਜਿਸ ਵਿੱਚ

| ਵਿਦਿਆਰਥੀ ਦਾ ਨਾਮ | ਪਿਤਾ ਦਾ ਨਾਂ | ਜਨਮ ਮਿਤੀ | ਸ਼੍ਰੇਣੀ | ਸਕੂਲ ਦਾ ਨਾਂ |
|---|---|---|---|---|
| | | | | |

## ਮੁਕਾਬਲਿਆਂ ਦੇ ਨਿਯਮ

### ਲੇਖ ਰਚਨਾ

ਲੇਖ ਦਾ ਵਿਸ਼ਾ ਜਨ-ਸੰਖਿਆ ਨਾਲ ਸਬੰਧਤ ਹੋਵੇਗਾ ਅਤੇ ਮੌਕੇ ਤੇ ਹੀ ਦੱਸਿਆ ਜਾਵੇਗਾ। ਲਗਭਗ 1500 ਸ਼ਬਦਾਂ ਦਾ ਲੇਖ ਲਿਖਣ ਵਾਸਤੇ ਪੂਰਾ ਸਾਈਜ਼ ਕਾਗਜ਼ ਵਿਦਿਆਰਥੀ ਨਾਲ ਲੈ ਕੇ ਆਉਣਗੇ। ਲੇਖ ਪੰਜਾਬੀ/ਹਿੰਦੀ/ਅੰਗਰੇਜੀ ਵਿੱਚ ਲਿਖਿਆ ਜਾ ਸਕਦਾ ਹੈ। ਲੇਖ ਲਿਖਣ ਲਈ ਸਮਾਂ ਇੱਕ ਘੰਟਾ ਹੋਵੇਗਾ। ਮੁਕਾਬਲੇ ਵਿੱਚ 9ਵੀਂ ਤੋਂ 11ਵੀਂ ਸ਼੍ਰੇਣੀ ਦੇ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ । ਹਰ ਸਕੂਲ ਤੋਂ ਵੱਧ ਤੋਂ ਵੱਧ ਦੋ ਵਿਦਿਆਰਥੀ ਭਾਗ ਲੈ ਸਕਦੇ ਹਨ । ਲੇਖ ਦਾ ਮੁਲਾਕਣ ਹੇਠ ਲਿਖੇ ਅਨੁਸਾਰ ਹੋਵੇਗਾ ।

| | |
|---|---|
| ਵਿਸ਼ਾ ਵਸਤੂ | 30 ਅੰਕ |
| ਭਾਸ਼ਾ | 5 ਅੰਕ |
| ਆਰੰਭ | 5 ਅੰਕ |
| ਸਮਾਪਤੀ | 5 ਅੰਕ |
| ਮੌਲਿਕਤਾ | 5 ਅੰਕ |
| **ਕੁੱਲ ਅੰਕ** | **50 ਅੰਕ** |

### ਗਾਇਣ ਮੁਕਾਬਲਾ

ਜੰਨ ਸੰਖਿਆ ਸਿੱਖਿਆ ਸਬੰਧੀ ਸਬੰਧੀ ਗੀਤ ਆਪਣਾ ਜਾਂ ਕਿਸੇ ਦਾ ਲਿਖਿਆ ਹੋਵੇ, ਗੀਤ ਵਿੱਚ ਵੱਧਦੀ ਵਸੋਂ ਦੇ ਸਾਡੇ ਸਮੁੱਚੇ ਜੀਵਨ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਉਘਾੜਿਆ ਗਿਆ ਹੋਵੇ । ਇੱਕ ਹੀ ਵਿਦਿਆਰਥੀ ਗੀਤ ਗਾਵੇਗਾ । ਸਮਾਂ 3 ਤੋਂ 5 ਮਿੰਟ ਤੱਕ ਦਾ ਹੋਵੇਗਾ । ਸਾਜ਼ਾਂ ਦੀ ਮਦਦ ਲਈ ਜਾ ਸਕਦੀ ਹੈ ਪਰ ਲੋੜੀਂਦੇ ਸਾਜ਼ਾਂ ਅਤੇ ਸਾਜ ਕਲਾਕਾਰਾਂ ਦਾ ਪ੍ਰਬੰਧ ਗੀਤ ਗਾਉਣ ਵਾਲਾ ਖੁਦ ਕਰੇਗਾ । ਹਰ

Created with nitro PDF professional
download the free trial online at nitropdf.com/professional

ਵਿਦਿਆਰਥੀ ਰਜਿਸਟ੍ਰੇਸ਼ਨ ਸਮੇਂ ਰਜਿਸਟ੍ਰੇਸ਼ਨ ਕਰਤਾ ਨੂੰ ਆਪਣੇ ਲਾਏ ਜਾਣ ਵਾਲੇ ਗੀਤ ਦੀ ਫੋਟੋ ਕਾਪੀ ਦੇਵੇਗਾ । ਜਿਸ ਵਿੱਚ ਗੀਤ ਲਿਖਣ ਵਾਲੇ ਦਾ ਨਾਂ ਵੀ ਹੋਵੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :ਇਸ ਵਿੱਚ 6ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ ।

| | |
|---|---|
| ਵਿਸ਼ਾ ਵਸਤੂ | 30 ਅੰਕ |
| ਪੇਸ਼ਕਾਰੀ | 20 ਅੰਕ |
| ਕੁੱਲ ਅੰਕ | 50 ਅੰਕ |

**ਪੋਸਟਰ ਮੁਕਾਬਲਾ**

ਇਸ ਮੁਕਾਬਲੇ ਦਾ ਵਿਸ਼ਾ ਮੌਕੇ ਤੇ ਹੀ ਦੱਸਿਆ ਜਾਵੇਗਾ ਜੋ ਕਿ ਵਧੀ ਵਸੋਂ ਕਾਰਨ ਪੈਦਾ ਹੋਈਆਂ ਜਾਂ ਹੋਣ ਵਾਲੀਆਂ ਸਮਿੱਸਆਵਾਂ ਅਤੇ ਉਹਨਾਂ ਦੇ ਸਮੁੱਚੇ ਜੀਵਨ ਤੇ ਪੈਣ ਵਾਲੇ ਪ੍ਰਭਾਵਾਂ ਨਾਲ ਸਬੰਧਤ ਹੋਵੇਗਾ। ਇਸ ਮੁਕਾਬਲੇ ਦੇ ਪਹਿਲੇ ਗਰੁੱਪ ਵਿੱਚ 6ਵੀਂ ਤੋਂ 8ਵੀਂ ਅਤੇ ਦੂਜੇ ਗਰੁੱਪ ਵਿੱਚ 9ਵੀਂ ਤੋਂ 12ਵੀਂ ਸ਼੍ਰੇਣੀ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਚਿੱਤਰਕਾਰੀ ਲਈ ਦੋ ਘੰਟੇ ਦਾ ਸਮਾਂ ਦਿੱਤਾ ਜਾਵੇਗਾ । ਪੋਸਟਰ ਪ੍ਰਬੰਧਕਾਂ ਵਲੋਂ ਦਿੱਤੀ ਪੂਰੀ ਸ਼ੀਟ ਤੇ ਬਣਾਉਣਾ ਹੈ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :

| | |
|---|---|
| ਵਿਸ਼ਾ ਵਸਤੂ | 25 ਅੰਕ |
| ਪੇਸ਼ਕਾਰੀ | 15 ਅੰਕ |
| ਰੰਗਾਂ ਦੀ ਢੁੱਕਵੀਂ ਵਰਤੋਂ | 10 ਅੰਕ |
| **ਕੁੱਲ ਅੰਕ** | **50 ਅੰਕ** |

**ਭਾਸ਼ਣ ਮੁਕਾਬਲਾ**

ਭਾਸ਼ਣ ਮੁਕਾਬਲੇ ਲਈ ਹੇਠ ਲਿਖੇ ਵਿਸ਼ੇ ਹਨ :-

- ਕਿਸ਼ੋਰ ਸਿੱਖਿਆ(ਵਾਧੇ ਪੈਣ ਦੀਆਂ ਸਮਿੱਸਆਵਾਂ)
- ਪੰਜਾਬ ਵਿੱਚ ਘਟਦਾ ਲਿੰਗ ਅਨੁਪਾਤ
- ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ
- ਜਨ-ਸੰਖਿਆ ਅਤੇ ਚਿਰਸਥਾਈ ਵਿਕਾਸ

ਹਰ ਸਕੂਲ ਵਿੱਚੋਂ ਇੱਕ ਵਿਦਿਆਰਥੀ ਭਾਗ ਲੈ ਸਕਦਾ ਹੈ । ਬੋਲਣ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜੀ ਹੋ ਸਕਦਾ ਹੈ । ਕਾਗਜ਼ ਦੀ ਮਦਦ ਤੋਂ ਬਗੈਰ ਜਬਾਨੀ ਬੋਲਣਾ ਹੈ । ਬੋਲਣ ਦਾ ਸਮਾਂ 5 ਮਿੰਟ ਹੋਵੇਗਾ। ਪਹਿਲੀ ਘੰਟੀ 4 ਮਿੰਟ ਬਾਅਦ ਅਤੇ ਦੂਜੀ 5 ਮਿੰਟ ਬਾਅਦ ਵੱਜੇਗੀ। ਜੇਕਰ ਕੋਈ ਵਿਦਿਆਰਥੀ 4 ਮਿੰਟਾਂ ਤੋਂ ਪਹਿਲਾਂ ਹਟ ਜਾਵੇ ਜਾਂ 5 ਮਿੰਟ ਤੋਂ ਬਾਅਦ ਬੋਲਣਾ ਜਾਰੀ ਰੱਖਦਾ ਹੈ ਤਾਂ ਉਸਨੂੰ ਮੁਕਾਬਲੇ ਤੋਂ ਬਾਹਰ ਸਮਝਿਆ ਜਾਵੇਗਾ । ਭਾਸ਼ਣ ਦੀ ਇੱਕ ਕਾਪੀ ਲਿਖ ਕੇ ਲਿਆਵੇਗਾ ਅਤੇ ਰਜਿਸਟ੍ਰੇਸ਼ਨ ਸਮੇਂ ਭਾਸ਼ਣ ਦੀ ਕਾਪੀ ਰਜਿਸਟ੍ਰੇਸ਼ਨ ਕਰਤਾ ਨੂੰ ਦੇਵੇਗਾ । ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ । ਮੁਕਾਬਲੇ ਵਿੱਚ 9ਵੀਂ ਤੋਂ 11ਵੀਂ ਸ਼੍ਰੇਣੀ ਦੇ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।

| | |
|---|---|
| ਆਰੰਭ | 5 ਅੰਕ |
| ਪੇਸ਼ਕਾਰੀ | 10 ਅੰਕ |
| ਵਿਸ਼ਾ-ਵਸਤੂ | 25 ਅੰਕ |
| ਸਪੱਸ਼ਟੀਕਰਨ | 5 ਅੰਕ |
| ਮੌਲਿਕਤਾ | 5 ਅੰਕ |
| **ਕੁੱਲ ਅੰਕ** | **50 ਅੰਕ** |

ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ),
ਸ੍ਰੀ ਮੁਕਤਸਰ ਸਾਹਿਬ ।

Created with
nitroPDF professional
download the free trial online at nitropdf.com/professional